# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 12-06-2025**

- ਗੁਜਰਾਤ ਦੇ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਇੱਕ ਮੁਸਾਫ਼ਰ ਜਹਾਜ਼ ਅੱਜ ਅਹਿਮਦਾਬਾਦ ਹਵਾਈ ਅੱਡੇ ਨੇੜੇ ਹਾਦਸਾ-ਗ੍ਰਸਤ ਹੋ ਗਿਆ - ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਏ।
- ਭਾਰਤੀ ਰੇਲਵੇ ਕੇਟਰਿੰਗ ਅਤੇ ਸੈਰ ਸਪਾਟਾ ਨਿਗਮ IRCTC ਵਲੋਂ , 28 ਜੁਲਾਈ ਨੂੰ ਪਠਾਨਕੋਟ ਕੈਂਟ ਸਟੇਸ਼ਨ ਤੋਂ ਪਵਿੱਤਰ ਦੱਖਣ-ਭਾਰਤ ਯਾਤਰਾ ਦਾ ਐਲਾਨ ।
- • ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ-ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ,ਸੂਬੇ ਭਰ ਵਿਚ ਸ਼ਰਧਾ ਭਾਵ ਨਾਲ ਮਨਾਇਆ ਗਿਆ। ਅਤੇ

- ਮੌਸਮ ਵਿਭਾਗ ਵਲੋਂ ਪੰਜਾਬ ਦੇ ਕਈ ਹਿੱਸਿਆਂ ਵਿਚ ਅੱਤ ਦੀ ਗਰਮੀ ਦੇ ਮੱਦੇਨਜ਼ਰ, ਅੱਜ ਅਤੇ ਕੱਲ  ਲਈ ਰੈੱਡ ਅਲਰਟ ਜਦਕਿ 14 ਜੂਨ ਲਈ ਓਰੇਂਜ ਅਲਰਟ ਜਾਰੀ ।

_

ਹੁਣ ਖਬਰਾਂ ਵਿਸਥਾਰ ਨਾਲ.....

---------------------------------------------

ਗੁਜਰਾਤ ਦੇ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਇੱਕ ਮੁਸਾਫ਼ਰ ਜਹਾਜ਼ ਅੱਜ ਅਹਿਮਦਾਬਾਦ ਹਵਾਈ ਅੱਡੇ ਨੇੜੇ ਮੇਘਾਨੀ ਨਗਰ ਇਲਾਕੇ 'ਚ ਹਾਦਸਾ-ਗ੍ਰਸਤ ਹੋ ਗਿਆ। ਫਲਾਈਟ ਨੰਬਰ AI-171 ਵਾਲੇ ਇਸ ਜਹਾਜ਼ ਵਿੱਚ 242 ਲੋਕ ਸਵਾਰ ਸਨ, ਜਿਨ੍ਹਾਂ ਵਿੱਚ 2 ਪਾਇਲਟ ਅਤੇ 10 ਕੈਬਿਨ ਕਰੂ ਸ਼ਾਮਲ ਸਨ। ਮੁਸਾਫ਼ਰਾਂ ਵਿੱਚ 179 ਭਾਰਤੀ ਨਾਗਰਿਕ, 53 ਬਰਤਾਨਵੀਂ ਨਾਗਰਿਕ, ਇੱਕ ਕੈਨੇਡੀਅਨ ਨਾਗਰਿਕ ਅਤੇ 7 ਪੁਰਤਗਾਲੀ ਨਾਗਰਿਕ ਸਨ। ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਲਿਜਾਇਆ ਜਾ ਰਿਹਾ ਏ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਦੱਸਿਆ ਏ ਕਿ ਸਾਰੇ ਵੇਰਵਿਆਂ ਲਈ ਮੰਤਰਾਲੇ ਵਲੋਂ ਇੱਕ ਸੰਚਾਲਨ ਕੰਟਰੋਲ ਰੂਮ ਸਰਗਰਮ ਕੀਤਾ ਗਿਆ ਏ, ਜਿਸ ਦੇ ਸੰਪਰਕ ਨੰਬਰ ਨੇ - 011-24-61-08-43 ਅਤੇ 96-50-39-18-59 । ਮੰਤਰਾਲੇ ਨੇ ਕਿਹਾ ਏ ਕਿ ਉਹ, ਸਾਰੇ ਪ੍ਰਭਾਵਿਤ ਲੋਕਾਂ ਲਈ ਤੁਰੰਤ

ਕਾਰਵਾਈ ਅਤੇ ਪੂਰੀ ਸਹਾਇਤਾ ਦੇਣ ਲਈ ਵਚਨਬੱਧ ਨੇ। ਅਹਿਮਦਾਬਾਦ ਹਵਾਈ ਅੱਡੇ 'ਤੇ ਮੁਸਾਫ਼ਰਾਂ ਦੇ ਸਵਾਲਾਂ ਅਤੇ ਸਹਾਇਤਾ ਲਈ ਇੱਕ ਹੈਲਪਲਾਈਨ ਨੰਬਰ, 99-74-11-13-27 ਸਥਾਪਤ ਕੀਤਾ ਗਿਆ ਏ। ਏਅਰ ਇੰਡੀਆ ਨੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ, ਇੱਕ ਹੋਰ ਯਾਤਰੀ ਹੌਟਲਾਈਨ ਨੰਬਰ, 1800 5691 444 ਵੀ ਸਥਾਪਤ ਕੀਤਾ ਏ। Aircraft Accident Investigation Bureau ਦੇ ਡਾਇਰੈਕਟਰ ਜਨਰਲ, Director (Investigation) ਅਤੇ ਜਾਂਚ ਟੀਮ ਵੀ ਅਹਿਮਦਾਬਾਦ ਲਈ ਰਵਾਨਾ ਹੋ ਗਏ ਨੇ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਅੱਗ ਬੁਝਾਊ ਅਤੇ ਪੁਲਿਸ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਗਾਂਧੀਨਗਰ ਤੋਂ 90 ਮੁਲਾਜ਼ਮਾਂ ਵਾਲੀ NDRF ਦੀਆਂ ਤਿੰਨ ਟੀਮਾਂ ਨੂੰ ਹਾਦਸੇ ਵਾਲੀ ਥਾਂ 'ਤੇ ਭੇਜਿਆ ਗਿਆ ਏ। NDRF ਦੀਆਂ ਤਿੰਨ ਹੋਰ ਟੀਮਾਂ ਵਡੋਦਰਾ ਤੋਂ ਭੇਜੀਆਂ ਜਾ ਰਹੀਆਂ ਨੇ। ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਏ। ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਏ। ਇਸ ਦੌਰਾਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਹਾਦਸੇ ਬਾਰੇ, ਗ੍ਰਿਹ ਮੰਤਰੀ ਅਮਿਤ ਸ਼ਾਹ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨਾਲ ਗੱਲਬਾਤ ਕੀਤੀ ਏ। ਉਨ੍ਹਾਂ ਨੇ ਸਥਿਤੀ ਦਾ ਜਾਇਜ਼ਾ

ਲਿਆ ਅਤੇ ਇਨ੍ਹਾਂ ਮੰਤਰੀਆਂ ਨੂੰ ਅਹਿਮਦਾਬਾਦ ਜਾਣ ਲਈ ਕਿਹਾ ਏ। ਸ਼੍ਰੀ ਮੋਦੀ ਨੇ ਉਨ੍ਹਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਏ ਕਿ, ਪ੍ਰਭਾਵਿਤ ਲੋਕਾਂ ਨੂੰ ਤੁਰੰਤ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇ। ਸ਼੍ਰੀ ਨਾਇਡੂ ਨੇ ਕਿਹਾ ਏ ਕਿ, ਸਾਰੀਆਂ ਸਬੰਧਤ ਏਜੰਸੀਆਂ ਹਾਈ ਅਲਰਟ 'ਤੇ ਨੇ। ਸ਼੍ਰੀ ਨਾਇਡੂ ਨੇ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਸਥਿਤੀ 'ਤੇ ਨਜ਼ਰ ਰੱਖ ਰਿਹਾ ਏ। ਇਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਅਹਿਮਦਾਬਾਦ ਵਾਸਤੇ ਰਵਾਨਾ ਹੋ ਗਏ ਨੇ ।

--------------------------------------------------------

ਭਾਰਤੀ ਰੇਲਵੇ ਕੇਟਰਿੰਗ ਅਤੇ ਸੈਰ ਸਪਾਟਾ ਨਿਗਮ IRCTC ਨੇ, 28 ਜੁਲਾਈ ਨੂੰ ਪਠਾਨਕੋਟ ਕੈਂਟ ਸਟੇਸ਼ਨ ਤੋਂ ਪਵਿੱਤਰ ਦੱਖਣ-ਭਾਰਤ ਯਾਤਰਾ ਦਾ ਐਲਾਨ ਕੀਤਾ ਏ । ਇਹ ਯਾਤਰਾ ਭਾਰਤ ਗੌਰਵ ਵਿਸ਼ੇਸ਼ ਸੈਰ ਸਪਾਟਾ ਰੇਲ ਗੱਡੀ ਰਾਹੀਂ ਹੋਣ ਵਾਲੀ 13 ਦਿਨਾਂ ਦੀ ਰੇਲ ਯਾਤਰਾ ਏ । ਇਸ ਯਾਤਰਾ ਵਿੱਚ ਸ਼ਰਧਾਲੂਆਂ ਨੂੰ ਦੱਖਣੀ ਭਾਰਤ ਦੇ ਮੰਦਰਾਂ ਅਤੇ ਧਾਰਮਿਕ ਸਥਾਨਾਂ ਦਰਸ਼ਨ ਕਰਾਏ ਜਾਣਗੇ । 13 ਦਿਨਾਂ ਦੀ ਇਹ ਯਾਤਰਾ 28 ਜੁਲਾਈ ਨੂੰ ਸ਼ੁਰੂ ਹੋ ਕੇ 9 ਅਗਸਤ ਨੂੰ ਸੰਪੂਰਨ ਹੋਏਗੀ. ਇਸ ਯਾਤਰਾ ਦੀ ਬੁਕਿੰਗ ਅਤੇ ਹੋਰ ਵੇਰਵਿਆਂ ਲਈ ਸ਼ਰਧਾਲੂ ਆਈਆਰਸੀਟੀਸੀ ਦੀ ਵੈੱਬਸਾਈਟ WWW. IRCTC TOURISM ‘ਤੇ ਜਾ ਸਕਦੇ ਨੇ । IR-CTC ਦੇ ਚੰਡੀਗੜ੍ਹ ਦਫ਼ਤਰ ਜਾਂ ਅਧਿਕਾਰਤ

ਏਜੰਟਾਂ ਰਾਹੀਂ ਵੀ ਟੂਰ ਬੁਕ ਕੀਤਾ ਜਾ ਸਕਦਾ ਏ ।

ਨਾਂਦੇੜ ਸਟੇਸ਼ਨ ਫ਼ਿਰੋਜ਼ਪੁਰ ਦੇ ਕੈਂਟ ਜੰਕਸ਼ਨ ਤੋਂ ਨਾਂਦੇੜ ਸਟੇਸ਼ਨ ਤਕ ਨਵੀਂ ਹਫਤਾਵਾਰੀ ਰੇਲ ਸੇਵਾ ਨੂੰ ਭਲਕੇ 13 ਜੂਨ ਨੂੰ ਫ਼ਿਰੋਜ਼ਪੁਰ ਕੈਂਟ ਜੰਕਸ਼ਨ ਤੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਜਾਏਗਾ । ਇਹ ਨਵੀਂ ਹਫਤਾਵਾਰੀ ਰੇਲ ਸੇਵਾ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨੂੰ ਜੋੜਦੀ ਏ । ਫ਼ਿਰੋਜ਼ਪੁਰ ਕੈਂਟ – ਨਾਂਦੇੜ ਦਰਮਿਆਨ ਇਹ ਨਵੀਂ ਹਫਤਾਵਾਰੀ ਰੇਲ ਗੱਡੀ ਪੰਜਾਬ ਤੋਂ ਹਜ਼ੂਰ ਸਾਹਿਬ ਨਾਂਦੇੜ ਜਾਣ ਵਾਲੇ ਮੁਸਾਫ਼ਿਰਾਂ ਲਈ ਸਫ਼ਰ ਦੇ ਅਨੁਭਵ ਨੂੰ ਬਿਹਤਰ ਬਣਾਏਗੀ, ਸਫ਼ਰ ਦੇ ਸਮੇਂ ਨੂੰ ਘੱਟ ਕਰੇਗੀ ਅਤੇ ਪੰਜਾਬ ‘ਚ ਵਪਾਰ ਨੂੰ ਹੁਲਾਰਾ ਦੇਵੇਗੀ. ਨਵੀਂ ਰੇਲ ਗੱਡੀ ਸ਼ੁਰੂ ਹੋਣ ਨਾਲ ਆਮ ਜਨਤਾ ਵਿਦਿਆਰਥੀਆਂ ਅਤੇ ਕਿਰਤੀਆਂ, ਅਤੇ ਬਜ਼ੁਰਗਾਂ ਨੂੰ ਕਿਫਾਇਤੀ ਕਿਰਾਏ ‘ਤੇ ਲੰਮੀ ਦੂਰੀ ਦੇ ਸਫ਼ਰ ਦਾ ਵਿਕਲਪ ਮਿਲੇਗਾ. ਨਾਲ ਹੀ ਪੰਜਾਬ, ਹਰਿਆਣਾ, ਰਾਜਸਥਾਨ, ਮਧ ਪ੍ਰਦੇਸ਼ ਅਤੇ ਮਹਾਰਾਸ਼ਟਰਾ ਲਈ ਰੇਲ ਸੰਪਰਕ ਮਜ਼ਬੂਤ ਹੋਏਗਾ. ਪਹਿਲਾਂ ਮੁਸਾਫ਼ਿਰਾਂ ਨੂੰ ਰੇਲਗੱਡੀ ਬਦਲਣੀ ਪੈਂਦੀ ਸੀ ਪਰ ਹੁਣ ਇਹ ਸਿਧੀ ਰੇਲ ਸੇਵਾ ਸਫ਼ਰ ਨੂੰ ਆਸਾਨ ਬਣਾ ਦੇਵੇਗੀ. ਇਹ ਨਵੀਂ ਹਫਤਾਵਾਰੀ ਰੇਲਗੱਡੀ ਕੱਲ ਸ਼ੁਕਰਵਾਰ ਨੂੰ ਦੁਪਹਿਰ ਬਾਅਦ 1 ਵਜ ਕੇ 25 ਮਿੰਟ ‘ਤੇ ਫ਼ਿਰੋਜ਼ਪੁਰ ਤੋਂ ਰਵਾਨਾ ਹੋਏਗੀ ਅਤੇ ਐਤਵਾਰ ਨੂੰ

ਤੜਕੇ 3 ਵਜੇ ਨਾਂਦੇੜ ਪਹੁੰਚੇਗੀ.

---------------------------------------------------------------------

ਅੱਜ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਏ। ਇਸ ਸਾਲ ਦਾ ਟੀਚਾ ਬੱਚਿਆਂ ਦੇ ਸ਼ੋਸ਼ਣ ਨੂੰ ਰੋਕਣ ਅਤੇ ਬਾਲ ਮਜ਼ਦੂਰੀ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰਨਾ ਏ। ਅੰਤਰ-ਰਾਸ਼ਟਰੀ ਸੰਗਠਨ ਅਤੇ ਸੰਯੁਕਤ ਰਾਸ਼ਟਰ ਬਾਲ ਫੰਡ ਵੱਲੋਂ ਕਲ੍ਹ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਏ ਕਿ ਸਾਲ 2024 ਵਿੱਚ ਲਗਭਗ 13 ਕਰੋੜ 80 ਲੱਖ ਬਾਲ ਮਜ਼ਦੂਰ ਸਨ। ਇਹਨਾਂ ਵਿੱਚੋਂ ਲਗਭਗ ਪੰਜ ਕਰੋੜ 40 ਲੱਖ ਬੱਚੇ ਅਜਿਹੇ ਖਤਰਨਾਕ ਕੰਮ ਵਿੱਚ ਲੱਗੇ ਹੋਏ ਸਨ ਜੋ ਉਹਨਾਂ ਦੀ ਸਿਹਤ ਸੁਰੱਖਿਆ ਤੇ ਵਿਕਾਸ ਲਈ ਨੁਕਸਾਨਦੇਹ ਨੇ। ਓਧਰ ਪੰਜਾਬ ਵਿਚ ਵੀ ਸਰਕਾਰ ਵਲੋਂ ਬਾਲ ਮਜ਼ਦੂਰੀ ਦੀ ਅਲਾਮਤ ਨੂੰ ਖਤਮ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਨੇ। ਪੰਜਾਬ ਦੇ ਬਾਲ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦਸਿਆ।

BYTE:

---------------------------------------------------------------------

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ-ਗੱਜ, ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ-ਗੱਜ ਨੇ ਸੰਗਤ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਤੇ ਪੂਰਨ ਭਰੋਸਾ ਰੱਖਣ ਦੀ ਅਪੀਲ ਕੀਤੀ।

---------------------------------------------------

ਪੰਜਾਬ ਦੇ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਮਲੋਟ ਹਲਕੇ ਦੇ ਪਿੰਡ ਚਿੱਬੜਾਂਵਾਲੀ ਵਿਖੇ ਸੜਕਾਂ ਦੇ ਨਵੀਨੀਕਰਨ ਲਈ ਡੇਢ ਕਰੋੜ ਰੁਪਏ ਦੇ ਪ੍ਰੋਜੈਕਟਾਂ ਦੇ ਨੀਂਹ ਪੱਧਰ ਰੱਖੇ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਵਾਂਗ ਮਲੋਟ ਹਲਕੇ ‘ਚ ਕਿਸੇ ਵੀ

ਵਿਕਾਸ ਕਾਰਜ ਲਈ ਫੰਡਾਂ ਦੀ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹਰ ਪ੍ਰੋਜੈਕਟ ਨੂੰ ਪੂਰੇ ਪਾਰਦਰਸ਼ੀ ਢੰਗ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾ ਰਿਹਾ ਏ। ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸੇ ਨੂੰ ਵੀ ਸਰਕਾਰੀ ਪੈਸੇ ਜਾਂ ਲੋਕਾਂ ਤੋਂ ਪੈਸੇ ਉਗਰਾਹੁਣ ਨੂੰ ਕਿਸੇ ਵੀ ਕੀਮਤ 'ਤੇ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਲੋਕਾਂ ਦੀ ਖੱਜਲ ਖੁਆਰੀ ਰੋਕਣ ਲਈ ਉਨ੍ਹਾਂ ਦੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਲੋਕ ਪੱਖੀ ਫ਼ੈਸਲੇ ਲਏ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰੀ ਮਹਿਕਮਿਆਂ ਵਿੱਚ ਸੁਧਾਰ ਦੇ ਨਾਲ-ਨਾਲ ਉਨ੍ਹਾਂ ਦੀ ਸਰਕਾਰ ਵੱਲੋਂ ਸਮਾਜਿਕ ਸੁਧਾਰਾਂ ਲਈ ਵੀ ਲੋੜੀਂਦੇ ਯਤਨ ਲਗਾਤਾਰ ਜਾਰੀ ਨੇ।

-----------------------------------------------------------

ਲੁਧਿਆਣਾ ਦੇ ਜ਼ਿਲ੍ਹਾ ਚੋਣ ਅਫਸਰ ਹਿਮਾਂਸ਼ੂ ਜੈਨ ਨੇ ਅੱਜ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਵਿੱਚ ਚੱਲ ਰਹੀ ਜ਼ਿਮਨੀ ਚੋਣ ਲਈ ਆਦਰਸ਼ ਚੋਣ ਜ਼ਾਬਤੇ ਨੂੰ ਲਾਗੂ ਕਰਨ ਅਤੇ ਖਰਚ ਨਿਗਰਾਨੀ ਲਈ ਕੀਤੀਆਂ ਗਈਆਂ ਵੱਖ-ਵੱਖ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ 25 ਮਈ ਤੋਂ ਚੋਣ ਕਮਿਸ਼ਨ ਦੇ ਨੋਟੀਫਿਕੇਸ਼ਨ ਨੰਬਰ ਅਤੇ ਪੱਤਰ ਨੰਬਰ ਅਨੁਸਾਰ ਆਦਰਸ਼ ਚੋਣ ਜ਼ਾਬਤੇ ਨੂੰ ਲਾਗੂ ਕਰਨਾ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੱਕ

ਸੀਮਿਤ ਏ । 10 ਸਮਰਪਿਤ ਟੀਮਾਂ ਆਦਰਸ਼ ਚੋਣ ਜ਼ਾਬਤੇ ਲਈ ਲਗਾਤਾਰ ਕੰਮ ਕਰ ਰਹੀਆਂ ਹਨ ਨੇ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਦੇ ਪਹਿਲੇ 48 ਘੰਟਿਆਂ ਦੇ ਅੰਦਰ 9 ਹਜ਼ਾਰ 698 ਇਤਰਾਜ਼ਯੋਗ ਵਸਤੂਆਂ ਹਟਾ ਦਿੱਤੀਆਂ ਨੇ । ਰਾਜਨੀਤਿਕ ਇਸ਼ਤਿਹਾਰਾਂ ਦੇ ਬਿੱਲ ਨਿਯਮਿਤ ਤੌਰ 'ਤੇ ਲੁਧਿਆਣਾ ਨਗਰ ਨਿਗਮ ਦੁਆਰਾ ਖਰਚ ਨਿਗਰਾਨੀ ਸੈੱਲ ਨੂੰ ਉਮੀਦਵਾਰਾਂ ਦੇ ਸਹੀ ਲੇਖਾ-ਜੋਖਾ ਲਈ ਭੇਜੇ ਜਾਂਦੇ ਹਨ।

------------------------------------------------------------

ਪੰਜਾਬ ਵਿਚ ਪਿਛਲੇ 4-5 ਦਿਨਾਂ ਤੋਂ ਗਰਮੀ ਦਾ ਕਹਿਰ ਜਾਰੀ ਏ । ਮੌਸਮ ਵਿਭਾਗ ਨੇ ਪੈ ਰਹੀ ਅੱਤ ਦੀ ਗਰਮੀ ਦੇ ਮੱਦੇਨਜ਼ਰ, ਅੱਜ ਅਤੇ ਭਲਕੇ ਲਈ ਪੰਜਾਬ ਦੇ ਕਈ ਹਿੱਸਿਆਂ ਵਾਸਤੇ ਰੈੱਡ ਅਲਰਟ ਜਾਰੀ ਕੀਤਾ ਏ । ਜਦਕਿ 14 ਜੂਨ ਲਈ ਓਰੇਂਜ ਅਲਰਟ ਅਤੇ 15 ਤੋਂ 18 ਜੂਨ ਲਈ ਯੇਲੋ ਅਲਰਟ ਜਾਰੀ ਕੀਤਾ ਗਿਆ ਏ । ਚੰਡੀਗੜ੍ਹ ਮੌਸਮ ਵਿਭਾਗ ਮੁਤਾਬਕ, ਕਿਸੇ-ਕਿਸੇ ਥਾਂ 'ਤੇ ਦਿਨ ਰਾਤ ਸਮੇਂ ਵੀ ਗਰਮੀ ਜਾਰੀ ਰਹੇਗੀ । ਹਾਲਾਂਕਿ, 14 ਜੂਨ ਤੱਕ ਗਰਮੀ ਦੀ ਲਹਿਰ ਜਾਰੀ ਰਹਿਣ ਦੀ ਸੰਭਾਵਨਾ ਏ, ਪਰ ਵਿਭਾਗ ਮੁਤਾਬਿਕ ਗਰਜ ਨਾਲ ਬਿਜਲੀ ਚਮਕਣ, ਤੂਫ਼ਾਨ ਆਉਣ ਅਤੇ ਤੇਜ਼ ਹਵਾਵਾਂ ਚੱਲਣ ਨਾਲ ਲੋਕਾਂ ਨੂੰ ਕੁਝ ਰਾਹਤ ਮਿਲਣ ਦੀ ਉਮੀਦ ਏ । ਵਿਭਾਗ ਨੇ ਫਰੀਦਕੋਟ, ਫਾਜ਼ਿਲਕਾ, ਮੁਕਤਸਰ,

ਮਾਨਸਾ, ਬਠਿੰਡਾ, ਵਿਚ ਬਹੁਤ ਜਿਆਦਾ ਲੂ ਵਗਣ ਜਦਕਿ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ , ਕਪੂਰਥਲਾ, ਜਲੰਧਰ, ਲੁਧਿਆਣਾ, ਬਰਨਾਲਾ, SAS ਨਗਰ ਫਤੇਹਗੜ੍ਹ ਸਾਹਿਬ ਵਿਚ ਵੀ ਲੂ ਚੱਲਣ ਦੀ ਸੰਭਾਵਨਾ ਜਤਾਈ ਏ।

---------------------------------------------------------

- ਗੁਜਰਾਤ ਦੇ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਇੱਕ ਮੁਸਾਫ਼ਰ ਜਹਾਜ਼ ਅੱਜ ਅਹਿਮਦਾਬਾਦ ਹਵਾਈ ਅੱਡੇ ਨੇੜੇ ਹਾਦਸਾ-ਗ੍ਰਸਤ ਹੋ ਗਿਆ - ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਏ।
- ਭਾਰਤੀ ਰੇਲਵੇ ਕੇਟਰਿੰਗ ਅਤੇ ਸੈਰ ਸਪਾਟਾ ਨਿਗਮ IRCTC ਵਲੋਂ , 28 ਜੁਲਾਈ ਨੂੰ ਪਠਾਨਕੋਟ ਕੈਂਟ ਸਟੇਸ਼ਨ ਤੋਂ ਪਵਿੱਤਰ ਦੱਖਣ-ਭਾਰਤ ਯਾਤਰਾ ਦਾ ਐਲਾਨ ।
- · ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ-ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ,ਸੂਬੇ ਭਰ ਵਿਚ ਸ਼ਰਧਾ ਭਾਵ ਨਾਲ ਮਨਾਇਆ ਗਿਆ। ਅਤੇ

- ਮੌਸਮ ਵਿਭਾਗ ਵਲੋਂ ਪੰਜਾਬ ਦੇ ਕਈ ਹਿੱਸਿਆਂ ਵਿਚ ਅੱਤ ਦੀ ਗਰਮੀ ਦੇ ਮੱਦੇਨਜ਼ਰ, ਅੱਜ ਅਤੇ ਕੱਲ  ਲਈ ਰੈੱਡ ਅਲਰਟ ਜਦਕਿ 14 ਜੂਨ ਲਈ ਓਰੇਂਜ ਅਲਰਟ ਜਾਰੀ ।

ਇਸਦੇ ਨਾਲ  ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ  ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ  ' ਤੇ  ਨਮਸਕਾਰ !